Barbra Schlifer Commemorative Clinic
Freedom From Violence.

# ਹਿਊਮਨ ਰਾਈਟਸ ਟ੍ਰਿਬਿਊਨਲ ਔਫ ਓਨਟੈਰੀਓ (HRTO) ਪੋਸਟਰ

ਕੰਮ ਵਾਲੀ ਥਾਂ ਵਿਖੇ ਜਿਨਸੀ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੇ ਸਰਵਾਈਵਰਾਂ ਲਈ ਸਹਾਇਤਾ ਦਾ ਇੱਕ ਕਾਨੂੰਨੀ ਰਾਹ

## 1 ਮੁੱਖ ਵਿਵਸਥਾਵਾਂ




- ਓਨਟੈਰੀਓ ਹਿਊਮਨ ਰਾਈਟਸ ਕੋਡ ਇੱਕ ਸੂਬਾਈ ਕਾਨੂੰਨ ਹੈ ਜੋ ਕਿਸੇ ਭੇਦਭਾਵ ਦੇ ਬਿਨਾਂ ਸਾਰਿਆਂ ਨੂੰ ਬਰਾਬਰ ਅਧਿਕਾਰ ਅਤੇ ਮੌਕੇ ਦਿੰਦਾ ਹੈ। ਕੋਡ ਦਾ ਟੀਚਾ ਵਿਤਕਰੇ ਅਤੇ ਪਰੇਸ਼ਾਨ ਕੀਤੇ ਜਾਣ ਨੂੰ ਰੋਕਣਾ ਹੈ।
- -ਕੋਡ ਦੇ ਤਹਿਤ, HRTO
  - ਫੈਸਲਾ ਕਰਦਾ ਹੈ ਕਿ ਕੀ ਕਿਸੇ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ,
  - ਵਿਅਕਤੀਆਂ ਦੁਆਰਾ ਜਾਂ ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਫਾਇਲ ਕੀਤੀਆਂ ਗਈਆਂ ਅਰਜ਼ੀਆਂ ਨੂੰ ਹੱਲ ਕਰਨ ਲਈ ਜ਼ਿੰਮੇਵਾਰ ਹੈ, ਜੋ ਅਨੁਭਵ ਕੀਤੇ ਗਏ ਵਿਤਕਰੇ ਜਾਂ ਪਰੇਸ਼ਾਨ ਕੀਤੇ ਜਾਣ ਦਾ ਦਾਅਵਾ ਕਰਦਾ ਹੈ,
  - ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਵਿੱਚ ਕਾਨੂੰਨੀ ਵਿਵਾਦਾਂ ਬਾਰੇ ਫੈਸਲੇ ਲੈਂਦਾ ਹੈ।

## 2 ਲਾਭ




- ਅਰਜ਼ੀ ਦੀ ਪੂਰੀ ਸੁਣਵਾਈ ਹੋਣ ਤੋਂ ਪਹਿਲਾਂ HRTO ਇੱਕ ਅੰਤਰਿਮ ਉਪਾਅ ਦੇ ਸਕਦਾ ਹੈ।
- HRTO ਨੂੰ ਸ਼ਿਕਾਇਤ ਫਾਇਲ ਕਰਨਾ ਵਿਅਕਤੀਆਂ ਦੁਆਰਾ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਬਿਨੈਕਾਰਾਂ ਨੂੰ ਕਿਸੇ ਵਕੀਲ ਜਾਂ ਪੁਲਿਸ 'ਤੇ ਨਿਰਭਰ ਕਰਨ ਦੀ ਲੋੜ ਨਹੀਂ ਹੈ।
- ਸੰਭਾਵੀ ਦਾਅਵੇ ਵਾਲੇ ਹਰੇਕ ਵਿਅਕਤੀ ਕੋਲ ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਹੈ।
- ਮਨੁੱਖੀ ਅਧਿਕਾਰਾਂ ਦੀ ਪ੍ਰਕਿਰਿਆ ਵਿੱਚ, ਇੱਕ ਸਰਵਾਈਵਰ ਕੇਸ ਦੇ ਸੰਚਾਲਨ ਉੱਤੇ ਮਹੱਤਵਪੂਰਨ ਨਿਯੰਤਰਣ ਦਾ ਅਭਿਆਸ ਕਰਦਾ ਹੈ।
- ਇੱਕ ਸਰਵਾਈਵਰ ਬੇਨਤੀ ਕਰ ਸਕਦਾ ਹੈ ਕਿ ਟ੍ਰਿਬਿਊਨਲ ਫੈਸਲੇ ਵਿੱਚ ਉਹਨਾਂ ਦਾ ਨਾਮ ਅਤੇ ਪਛਾਣ ਕਰਨ ਵਾਲੀ ਕੋਈ ਹੋਰ ਜਾਣਕਾਰੀ ਗੁਪਤ ਰੱਖੇ।
- ਪਾਰਟੀਆਂ ਨੂੰ ਇਹ ਦਰਸਾਉਣ ਲਈ ਸਬੂਤ ਪ੍ਰਦਾਨ ਕਰਨ ਦੀ ਲੋੜ ਕਿ ਦਾਅਵਾ ਜਾਇਜ਼ ਹੈ (burden of proof) ਕ੍ਰਿਮਿਨਲ ਅਦਾਲਤ ਦੇ ਮੁਕਾਬਲੇ ਘੱਟ ਅਤੇ ਪ੍ਰਾਪਤ ਕਰਨਾ ਆਸਾਨ ਹੈ।
- ਟ੍ਰਿਬਿਊਨਲ ਸੁਪਰਵਾਈਜ਼ਰ/ਕਰਮਚਾਰੀ ਸੰਬੰਧਾਂ ਵਿੱਚ ਸ਼ਕਤੀ ਸੰਬੰਧੀ ਅਸੰਤੁਲਨ ਅਤੇ ਇਸ ਵਿੱਚ ਸ਼ਾਮਲ ਜੋਖਮ ਨੂੰ ਮਾਨਤਾ ਦਿੰਦਾ ਹੈ। ਇਸ ਲਈ, ਪਰੇਸ਼ਾਨ ਕਰਨ ਵਾਲੇ ਆਚਰਣ ਦਾ ਵਿਰੋਧ ਜਾਂ ਉਸ 'ਤੇ ਇਤਰਾਜ਼, ਪਰੇਸ਼ਾਨ ਕੀਤੇ ਜਾਣ ਨੂੰ ਸਾਬਤ ਕਰਨ ਲਈ ਜ਼ਰੂਰੀ ਨਹੀਂ ਹੈ।

## 3 ਸੀਮਾਵਾਂ



- ਬਿਨੈਕਾਰਾਂ ਲਈ ਆਪਣੀਆਂ ਅਰਜ਼ੀਆਂ ਉਸ ਮਿਤੀ ਤੋਂ ਇੱਕ ਸਾਲ ਦੇ ਅੰਦਰ ਫਾਇਲ ਕਰਨਾ ਲਾਜ਼ਮੀ ਹੈ ਜਿਸ 'ਤੇ ਭੇਦਭਾਵ ਹੋਇਆ ਸੀ, ਜਾਂ ਜੇ ਘਟਨਾਵਾਂ ਦੀ ਲੜੀ ਸੀ, ਤਾਂ ਆਖਰੀ ਘਟਨਾ ਦੇ ਇੱਕ ਸਾਲ ਦੇ ਅੰਦਰ।
- HRTO ਸੰਘੀ ਅਧਿਕਾਰ ਖੇਤਰ ਦੇ ਅਧੀਨ ਆਉਣ ਵਾਲੀਆਂ ਸੰਸਥਾਵਾਂ ਜਾਂ ਗਤੀਵਿਧੀਆਂ ਬਾਰੇ ਅਰਜ਼ੀਆਂ ਨਹੀਂ ਸੁਣ ਸਕਦਾ।
- HRTO ਕੋਲ ਸਿਰਫ਼ ਉਹਨਾਂ ਅਰਜ਼ੀਆਂ ਦਾ ਫੈਸਲਾ ਕਰਨ ਦੀ ਸ਼ਕਤੀ ਹੈ ਜੋ ਪੰਜ ਸਮਾਜਿਕ ਖੇਤਰਾਂ ਵਿੱਚੋਂ ਇੱਕ ਜਾਂ ਉਸ ਤੋਂ ਵੱਧ ਦੇ ਅੰਦਰ ਹਨ: ਸੇਵਾਵਾਂ, ਚੀਜ਼ਾਂ ਅਤੇ ਸਹੂਲਤਾਂ, ਰਿਹਾਇਸ਼, ਇਕਰਾਰਨਾਮੇ, ਰੋਜ਼ਗਾਰ ਅਤੇ ਕਿੱਤਾਮੁਖੀ ਐਸੋਸੀਏਸ਼ਨਾਂ।

## 4 ਉਪਾਅ

- ਆਰਥਿਕ ਮੁਆਵਜ਼ਾ: HRTO ਭੇਦਭਾਵ ਜਾਂ ਪਰੇਸ਼ਾਨ ਕੀਤੇ ਜਾਣ ਦੇ ਕਾਰਨ ਬਿਨੈਕਾਰਾਂ ਦੁਆਰਾ ਗੁਆਈ ਜਾਂ ਖਰਚ ਕੀਤੀ ਗਈ ਰਕਮ, ਅਨੁਭਵ ਅਤੇ ਮਾਣ, ਭਾਵਨਾਵਾਂ ਅਤੇ ਸਵੈ-ਮੁੱਲ ਨੂੰ ਠੇਸ ਲਈ ਮੁਆਵਜ਼ੇ ਦਾ ਆਦੇਸ਼ ਦੇ ਸਕਦਾ ਹੈ।
- ਗੈਰ-ਆਰਥਿਕ ਉਪਾਅ: HRTO ਪ੍ਰਤਿਵਾਦੀ ਨੂੰ ਕੁਝ ਅਜਿਹਾ ਕਰਨ ਦਾ ਆਦੇਸ਼ ਵੀ ਦੇ ਸਕਦਾ ਹੈ ਜੋ ਤੁਹਾਨੂੰ ਉਸ ਸਥਿਤੀ ਵਿੱਚ ਰੱਖੇਗਾ ਜਿਸ ਵਿੱਚ ਤੁਸੀਂ ਹੁੰਦੇ ਜੇ ਭੇਦਭਾਵ ਜਾਂ ਪਰੇਸ਼ਾਨ ਕੀਤੇ ਜਾਣਾ ਨਾ ਹੋਇਆ ਹੁੰਦਾ।
- ਜਨਹਿਤ ਉਪਾਅ: HRTO ਕਿਸੇ ਵੀ ਪਾਰਟੀ ਨੂੰ ਕੋਡ ਦੀ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ ਕੁਝ ਅਜਿਹਾ ਕਰਨ ਦਾ ਆਦੇਸ਼ ਦੇ ਸਕਦਾ ਹੈ, ਜਿਸਦਾ ਉਦੇਸ਼ ਹੋਰ ਲੋਕਾਂ 'ਤੇ ਸਿਖਿਅਕ ਪ੍ਰਭਾਵ ਪਾਉਣਾ ਹੈ।



Canada
Department of Justice Canada
Ministère de la Justice Canada